ਵਰਲਡ ਪੰਜਾਬੀ ਟਾਈਮਜ਼
WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 02 ਅਗਸਤ 2026 ਦਿਨ ਐਤਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਆਜ਼ਾਦੀ ਦਿਹਾੜੇ ਨੂੰ ਸਮਰਪਿਤ ਅੰਤਰ-ਸਕੂਲ ਭਾਸ਼ਣ ਮੁਕਾਬਲੇ 'ਮੇਰਾ-ਭਾਰਤ, ਮੇਰਾ-ਗੌਰਵ' ਕਰਾਉਣ ਦਾ ਫੈਸਲਾ

ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਪ੍ਰਤੀਯੋਗਤਾ ਦਾ ਹੋਵੇਗਾ ਨਗਦ ਰਾਸ਼ੀ ਨਾਲ ਸਨਮਾਨ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 2 ਅਗਸਤ : ਭਾਰਤ ਦੀ ਆਜ਼ਾਦੀ ਦੇ 79ਵੇਂ ਸੁਤੰਤਰਤਾ ਦਿਵਸ ਨੂੰ ਸਮਰਪਿਤ ਅਤੇ ਭਾਰਤ ਦੇ ਮਹਾਨ ਸੁਤੰਤਰਤਾ ਸੰਗਰਾਮੀਆਂ ਨੂੰ ਸ਼ਰਧਾਂਜਲੀ ਭੇਟ ਕਰਨ ਦੇ ਮਕਸਦ ਨਾਲ 'ਮਾਈ ਵੀਜ਼ਾ ਗਾਈਡ' ਵੱਲੋਂ ਵਿਦਿਆਰਥੀਆਂ ਲਈ ਇੱਕ ਅੰਤਰ-ਸਕੂਲ ਭਾਸ਼ਣ ਮੁਕਾਬਲੇ 'ਮੇਰਾ-ਭਾਰਤ, ਮੇਰਾ-ਗੌਰਵ' ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਕਤ ਮੁਕਾਬਲੇ ਦੇ ਮੁੱਖ ਵਿਸ਼ੇ 'ਭਾਰਤ ਦੀ ਆਜ਼ਾਦੀ ਵਿੱਚ ਸੁਤੰਤਰਤਾ ਸੇਨਾਨੀਆਂ ਦਾ ਯੋਗਦਾਨ, 'ਭਾਰਤੀ ਆਜ਼ਾਦੀ ਸੰਘਰਸ਼ ਦੇ ਗੁਮਨਾਮ ਨਾਇਕ' ਅਤੇ 'ਰਾਸ਼ਟਰ ਨਿਰਮਾਣ ਵਿੱਚ ਦੇਸ਼ ਭਗਤੀ ਦੀ ਭੂਮਿਕਾ ਰੱਖੇ ਗਏ ਹਨ। ਮੁਕਾਬਲੇ ਵਿੱਚ 9ਵੀਂ ਤੋਂ 12ਵੀਂ ਜਮਾਤ ਦੇ ਸਰਕਾਰੀ

ਅਤੇ ਗੈਰ-ਸਰਕਾਰੀ ਸਕੂਲਾਂ ਦੇ ਵਿਦਿਆਰਥੀ ਭਾਗ ਲੈ ਸਕਦੇ ਹਨ। ਆਨ-ਲਾਈਨ ਕਰਵਾਏ ਜਾ ਰਹੇ ਇਸ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ ਆਪਣੀ 3 ਤੋਂ 4 ਮਿੰਟ ਦੀ ਵੀਡੀਓ (ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਭਾਸ਼ਾ ਵਿੱਚ) ਰਿਕਾਰਡ ਕਰਕੇ ਵਟਸਐਪ ਨੰਬਰ 9517800788 'ਤੇ 5 ਅਗਸਤ 2026 ਤੋਂ ਪਹਿਲਾਂ ਭੇਜ ਸਕਦੇ ਹਨ। ਯਾਦ ਰਹੇ ਕਿ ਵੀਡੀਓ ਰਿਕਾਰਡਿੰਗ ਬਿਨਾਂ ਕੱਟ ਤੋਂ ਹੋਣੀ ਚਾਹੀਦੀ ਹੈ ਅਤੇ ਵੀਡੀਓ ਦੀ ਕੋਈ ਐਡੀਟਿੰਗ ਨਹੀਂ ਕੀਤੀ ਹੋਣੀ ਚਾਹੀਦੀ। ਪ੍ਰਤੀਯੋਗਤਾ ਵਿੱਚ ਜੇਤੂਆਂ ਦਾ ਐਲਾਨ 17 ਅਗਸਤ, 2026 ਨੂੰ ਕੀਤਾ ਜਾਵੇਗਾ। ਮੁਕਾਬਲੇ ਵਿਚ ਭਾਗ ਲੈਣ ਲਈ ਕੋਈ ਰਜਿਸਟਰੇਸ਼ਨ ਫੀਸ ਨਹੀਂ ਰੱਖੀ ਗਈ ਹੈ। ਇਸ ਪ੍ਰਤੀਯੋਗਤਾ ਵਿੱਚ ਪਹਿਲੇ ਤਿੰਨ ਇਨਾਮ ਕ੍ਰਮਵਾਰ 3,100, 2,100 ਅਤੇ 1,100 ਰੁਪਏ ਨਕਦ ਸਮੇਤ ਟਰਾਫੀਆਂ ਦਿੱਤੇ ਜਾਣਗੇ, ਜਦਕਿ ਹਰੇਕ ਭਾਗੀਦਾਰ ਨੂੰ ਭਾਗੀਦਾਰੀ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਜਾਵੇਗਾ। ਮੁਕਾਬਲੇ ਸੰਬੰਧੀ ਵਧੇਰੇ ਜਾਣਕਾਰੀ ਲਈ ਮੇਬਾਈਲ ਨੰਬਰ 9517800788 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਪੰਜਾਬ ਸਰਕਾਰ ਵੱਲੋਂ ਵਪਾਰਕ ਬਾਜ਼ਾਰਾਂ ਦੇ ਵਿਕਾਸ ਤਹਿਤ ਪਟਿਆਲਾ ਲਈ 2 ਕਰੋੜ ਦੀ ਵਿਸ਼ੇਸ਼ ਗ੍ਰਾਂਟ ਦਾ ਐਲਾਨ

ਪੰਜਾਬ ਸਟੇਟ ਟ੍ਰੇਡਰਜ਼ ਕਮਿਸ਼ਨ ਦੇ ਮੈਂਬਰ ਸੰਜੀਵ ਗੁਪਤਾ ਅਤੇ ਜ਼ਿਲ੍ਹਾ ਚੇਅਰਮੈਨ ਪਟਿਆਲਾ ਐਡਵੋਕੇਟ ਵਿਨੋਦ ਕੁਮਾਰ ਸਿੰਗਲਾ ਨੇ ਸਰਕਾਰ ਦਾ ਕੀਤਾ ਧੰਨਵਾਦ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ 2 ਅਗਸਤ : ਪੰਜਾਬ ਸਰਕਾਰ ਵੱਲੋਂ ਸੂਬੇ ਦੇ ਵਪਾਰਕ ਬਾਜ਼ਾਰਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਵਪਾਰੀਆਂ ਦੀਆਂ ਲੰਬੇ ਸਮੇਂ ਤੋਂ ਲੰਬਿਤ ਮੰਗਾਂ ਦੇ ਹੱਲ ਲਈ ਸਮੁੱਚੇ ਪੰਜਾਬ ਵਾਸਤੇ 40 ਕਰੋੜ ਰੁਪਏ ਦਾ ਵਿਸ਼ੇਸ਼ ਫੰਡ ਮਨਜ਼ੂਰ ਕੀਤਾ ਗਿਆ ਹੈ। ਇਸ ਤਹਿਤ ਪਟਿਆਲਾ ਜ਼ਿਲ੍ਹੇ ਲਈ ਵੀ 2 ਕਰੋੜ ਰੁਪਏ ਦੀ ਰਕਮ ਰਾਖਵੀਂ ਕੀਤੀ ਗਈ ਹੈ।

ਪੰਜਾਬ ਸਟੇਟ ਟ੍ਰੇਡਰਜ਼ ਕਮਿਸ਼ਨ ਦੇ ਮੈਂਬਰ ਅਤੇ ਜ਼ੋਨ ਇੰਚਾਰਜ ਸੰਜੀਵ ਗੁਪਤਾ ਅਤੇ ਜ਼ਿਲ੍ਹਾ ਟ੍ਰੇਡਰਜ਼ ਕਮਿਸ਼ਨ ਪਟਿਆਲਾ ਦੇ ਚੇਅਰਮੈਨ ਐਡਵੋਕੇਟ ਵਿਨੋਦ ਕੁਮਾਰ ਸਿੰਗਲਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਵਿੱਤ ਮੰਤਰੀ ਅਤੇ ਪੰਜਾਬ ਸਟੇਟ ਟ੍ਰੇਡਰਜ਼ ਕਮਿਸ਼ਨ ਦੇ ਚੇਅਰਮੈਨ ਹਰਪਾਲ ਸਿੰਘ ਚੀਮਾ ਅਤੇ ਅਨਿਲ ਠਾਕੁਰ ਦਾ ਇਸ ਮਹੱਤਵਪੂਰਨ ਫ਼ੈਸਲੇ ਲਈ ਦਿਲੋਂ ਧੰਨਵਾਦ ਕੀਤਾ।

ਉਨ੍ਹਾਂ ਕਿਹਾ ਕਿ ਇਸ ਵਿਸ਼ੇਸ਼ ਫੰਡ ਨਾਲ ਵਪਾਰਕ ਬਾਜ਼ਾਰਾਂ ਵਿੱਚ ਲੰਬੇ ਸਮੇਂ ਤੋਂ ਚੱਲ ਰਹੀਆਂ ਬੁਨਿਆਦੀ ਸਮੱਸਿਆਵਾਂ ਦਾ ਹੱਲ ਕੀਤਾ ਜਾਵੇਗਾ। ਇਸ ਅਧੀਨ ਬਾਜ਼ਾਰਾਂ ਵਿੱਚ ਆਧੁਨਿਕ ਵਾਸ਼ਰੂਮਾਂ ਦੀ ਉਸਾਰੀ, ਸੜਕਾਂ ਦੀ ਮੁਰੰਮਤ ਅਤੇ ਨਿਰਮਾਣ, ਬਿਜਲੀ ਨਾਲ ਸਬੰਧਤ ਸਮੱਸਿਆਵਾਂ ਦੇ ਹੱਲ ਸਮੇਤ ਹੋਰ ਲੋੜੀਂਦੀਆਂ ਸਹੂਲਤਾਂ ਦਾ ਵਿਕਾਸ ਕੀਤਾ ਜਾਵੇਗਾ, ਜਿਸ ਨਾਲ ਵਪਾਰੀਆਂ ਅਤੇ ਆਮ ਲੋਕਾਂ ਨੂੰ ਵੱਡਾ ਲਾਭ ਮਿਲੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਪਾਰੀਆਂ ਦੀ ਭਲਾਈ ਅਤੇ ਬਾਜ਼ਾਰਾਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਇਹ ਫੰਡ ਉਸੇ ਦਿਸ਼ਾ ਵਿੱਚ ਇਕ ਮਹੱਤਵਪੂਰਨ ਕਦਮ ਹੈ।

ਸਮਾਂ (ਵਕਤ)

ਕੌਣ ਜਾਣਦਾ ਸੀ ਕੋਈ ਸਮਾਂ
ਭਿਆਨਕ ਆਊਗਾ
ਖ਼ਾਨਦਾਨ ਦੀਆਂ ਇਜ਼ਤਾਂ ਤੇ
ਖ਼ਤਰਾ ਮੰਡਰਾਊਗਾ
ਦੇਖ ਦੇਖ ਕਰਤੂਤਾਂ ਸਾਰੀ
ਦੁਨੀਆਂ ਹੱਸੂਗੀ
ਜਦੋ ਧੀ ਵੱਡਿਆਂ ਸਰਦਾਰਾਂ ਦੀ
ਰੀਲਾਂ ਤੇ ਨੱਚੂਗੀ

ਸੋਚਿਆ ਨਹੀਂ ਸੀ ਸਮਾਂ ਭਿਆਨਕ
ਐਸਾ ਆ ਜਾਣਾ
ਹੱਕ ਮਜ਼ਦੂਰ ਗਰੀਬਾਂ ਦਾ
ਰਲ ਲੀਡਰਾਂ ਖਾ ਜਾਣਾ
ਸਾਰੀ ਉਮਰ ਪਾਪ ਕਮਾਉਂਦਾ
ਬੰਦਾ ਜਿਹਨਾਂ ਲਈ
ਉਨ੍ਹਾਂ ਨੇ ਹੀ ਮੰਜਾਂ ਫਿਰ
ਆਸ਼ਰਮ ਵਿੱਚ ਡਾਹ ਜਾਣਾ

ਕੀ ਪਤਾ ਸੀ ਸਮਾਂ ਭਿਆਨਕ
ਐਸਾ ਆ ਆਊਗਾ
ਨਸ਼ਿਆਂ ਵਾਲਾਂ ਦੈਂਤ ਜਵਾਨੀ
ਸਾਡੀ ਖਾ ਜਾਊਗਾ
ਲਾਲਚ ਦੇ ਵਿੱਚ ਫਸਿਆ ਨੇ
ਸਭ ਰਿਸ਼ਤੇ ਭੁੱਲ ਜਾਣੇ
ਵੱਡੇ ਵੱਡੇ ਸਰਦਾਰਾਂ ਦੇ
ਮਾਪੇ ਵੀ ਰੁਲ ਜਾਣਗੇ

ਸਮੇਂ ਨਾਲ ਸਭ ਬਦਲ ਗਏ
ਕਈ ਰੰਗ ਤਸਵੀਰਾਂ ਦੇ
ਚਕਾ ਚੌਂਦ ਜਹੇ ਹੋ ਗਏ ਆ
ਬੜੇ ਢੰਗ ਫ਼ਕੀਰਾਂ ਦੇ
ਭੇਦ ਗੁਫਾ ਦੇ ਖੁਲ ਜਾਵਨ
ਜਦੋ ਨਾਲ ਸਬੂਤਾਂ ਦੇ
ਚਰਚੇ ਹੋਣ ਕਚਹਿਰੀਆਂ ਵਿੱਚ
ਗੰਦੀਆਂ ਕਰਤੂਤਾਂ ਦੇ

ਸਮੇਂ ਨਾਲ ਸ਼ਭ ਬਦਲ ਗਈ
ਤਸਵੀਰ ਜ਼ਮਾਨੇ ਦੀ
ਲਾਲਚ ਵਿੱਚ ਹੁਣ ਵਿੱਕ ਜਾਂਦੀ
ਜ਼ਮੀਰ ਜ਼ਮਾਨੇ ਦੀ
ਸਮਾ ਵੇਖ ਕੇ ਲੱਗਦਾ ਤੋਰ
ਬਦਲ ਲਈ ਮੋਰਾਂ ਨੇ
ਭੁਲੱਖ ਸਾਧਾਂ ਵਾਲੇ ਭੇਸ ਬਣਾ ਲਏ
ਤਾਹਿਓ ਚੋਰਾਂ ਨੇ
ਭੁਲੱਖ ਸਾਧਾਂ ਵਾਲੇ ————

ਵਰਲਡ ਪੰਜਾਬੀ ਟਾਈਮਜ਼
ਸ ਕਸ਼ਮੀਰ ਸਿੰਘ ਭੁਲੇਖ

ਮੇਰੀ ਮਾਂ ਤਾਂ ਰੱਬ ਦੀ ਕਵਿਤਾ

ਮੇਰੀ ਮਾਂ ਤਾਂ ਰੱਬ ਦੀ ਕਵਿਤਾ,
ਸਤਰ ਸਤਰ ਸਰਸਬਜ਼ ਬਗ਼ੀਚਾ ।
ਨੂਰੀ ਚਸ਼ਮਾ ਮੋਹ ਮਮਤਾ ਦਾ ।
ਬਾਜ਼ ਨਜ਼ਰ ਸੂਰਜ ਤੋਂ ਅੱਗੇ ।

ਮੇਰੇ ਦਿਲ ਦੀ ਧੜਕਣ ਵਿੱਚੋਂ,
ਮੇਰੇ ਹੌਂਕੇ ਪੁਣ ਲੈਂਦੀ ਹੈ ।
ਮੱਥੇ ਅੰਦਰ ਖੁਭ ਗਏ ਕੰਡੇ,
ਬਿਨ ਦੱਸਿਆ ਹੀ ਚੁਣ ਲੈਂਦੀ ਹੈ ।

ਮਾਂ ਦੇ ਪਿਆਰ-ਤਰੌਂਕੇ ਸਦਕਾ
ਹਰ ਪਰਬਤ ਤੇ ਚੜ੍ਹ ਲੈਂਦਾ ਹਾਂ ।
ਸੂਰਜ ਤੀਕ ਪਹੁੰਚਦੀ ਪੌੜੀ,
ਸ਼ਬਦਾਂ ਨਾਲ ਹੀ ਘੜ ਲੈਂਦਾ ਹਾਂ ।
ਵਕਤ-ਦੀਵਾਰ ਤੇ ਜੋ ਵੀ ਲਿਖਦੈ,
ਅੱਖਰ ਅੱਖਰ ਪੜ੍ਹ ਲੈਂਦਾ ਹਾਂ ।
ਹਿੱਕੜੀ ਅੰਦਰ ਜੜ ਲੈਂਦਾ ਹਾਂ ।

ਮੇਰੀ ਮਾਂ ਦੇ ਨੈਣਾਂ ਵਿਚ ਸੀ ਅਜਬ ਕੈਮਰਾ ।
ਆਰ ਪਾਰ ਦੀ ਜਾਨਣਹਾਰਾ ।
ਘਰ ਵੜਦੇ ਹੀ ਬੁੱਝ ਲੈਂਦੀ ਸੀ,
ਅੱਜ ਤੇਰਾ ਮਨ ਠੀਕ ਨਹੀਂ ਲੱਗਦਾ ।

ਬੁਝਿਐ ਬੁਝਿਐਂ ਕੀ ਹੋਇਆ ਹੈ?
ਲੜ ਕੇ ਆਇਐਂ,
ਜਾਂ ਫਿਰ ਤੈਨੂੰ ਕਿਸੇ ਝਿੜਕਿਆ?
ਮੈਨੂੰ ਦੱਸ ਤੂੰ, ਮੈਂ ਵੇਹਦੀਂ ਆਂ ।
ਕਿਹੜਾ ਮੇਰੇ ਲਾਲ ਬਰਾਬਰ ।
ਇਹ ਹੀ ਭਰਮ ਅਜੇ ਤੱਕ ਜੀਂਦਾ ।
ਨਾਲ ਬਰਾਬਰ ਤੁਰਦਾ ਮੇਰੇ ।
ਮੇਰੀ ਪਿੱਠ ਤੇ ਮੇਰੀ ਮਾਂ ਦਾ ਅਜਬ ਥਾਪੜਾ ।
ਹੌਂਸਲਿਆਂ ਦੀ ਭਰੀ ਪੋਟਲੀ ।

ਇਉਂ ਲੱਗਦਾ ਹੈ ਮੇਰੀ ਬੀਬੀ,
ਮੇਰੀ ਮਾਤਾ ਅੰਗ ਸੰਗ ਮੇਰੇ ।
ਕਿਧਰੇ ਗੀਤ ਗ਼ਜ਼ਲ ਵਿੱਚ ਢਲਦੀ ।
ਬਣ ਜਾਂਦੀ ਹੈ ਕਵਿਤਾ ਆਪੇ ।
ਸ਼ਬਦਾਂ ਅੰਦਰ ਰਮਦੀ ਵੱਸਦੀ,
ਮੇਰੀ ਸੁਣਦੀ, ਆਪਣੀ ਦੱਸਦੀ ।
ਜੀਆਂ ਦੀ ਸੁਖਸਾਂਦ ਜਾਣਦੀ ।
ਧਰਤੀ ਜਿੱਡੇ ਦਰਦ-ਹਾਣ ਦੀ ।
ਦੁੱਖ ਤਕਲੀਫ਼ ਦੀ ਸਿਖ਼ਰ ਦੁਪਹਿਰੇ,
ਮੇਰੇ ਸਿਰ ਤੇ ਹੱਥ ਰੱਖਦੀ ਤੇ ਛਤਰ ਤਾਣਦੀ ।

ਮੱਥਾ ਚੁੰਮਦੀ, ਲਾੜ ਲਡਾਉਂਦੀ ।
ਖ਼ੁਦ ਨਾ ਉਹ ਸੁਪਨੇ ਵਿਚ ਆਉਂਦੀ ।
ਹਰ ਸਾਹ ਹਰ ਪਲ ਨਾਲ ਤੁਰਦਿਆਂ,
ਨਿੱਕੀਆਂ ਨਿੱਕੀਆਂ ਝਿੜਕਾਂ ਦੇਂਦੀ ।
ਕਿੱਦਾਂ ਕਿੱਥੇ ਕੀ ਕਰਨਾ ਹੈ,
ਅੱਜ ਤੀਕਰ ਸਭ ਕੁਝ ਸਮਝਾਉਂਦੀ ।
ਬਿੜਕਾਂ ਰੱਖਦੀ, ਕਿੱਥੋਂ ਆਇਆਂ,
ਕਿੱਥੇ ਚੱਲਿਆ, ਦੱਸ ਵੇ ਬੱਲਿਆ?

ਬਹੁਤ ਵਾਰ ਮੈਂ ਤੱਕਿਆ ਅੱਖੀਂ,
ਫੁੱਲ ਪੱਤੀਆਂ ਖ਼ੁਸ਼ਬੋਈਆਂ ਅੰਦਰ ।
ਰੂਪ ਅਨੂਪ ਸਰੂਪ ਵਿਹੂਣੀ,
ਕਾਲ-ਮੁਕਤ ਹਸਤੀ ਦੇ ਵਾਂਗੂੰ,
ਗੁਰਘਰ, ਮਸਜਿਦ ਬਣਦੀ ਮੰਦਰ ।

ਅੱਜ ਤਾਂ ਉਸਦੀ,
ਮਨ-ਪਰਿਕਰਮਾ ਕਰਦੇ ਕਰਦੇ,
ਰੂਹ ਵਿੱਚ ਜੀਕਣ ਚੰਬਾ ਖਿੜਿਆ ।
ਰੋਮ ਰੋਮ ਝਰਨਾਟ ਛਿੜੀ ਹੈ ।
ਤਰਬ-ਤਰੰਗਾਂ ਕਣ ਕਣ ਅੰਦਰ,
ਸੂਰਜ ਪਹਿਲਾਂ ਨਾਲੋਂ ਰੌਸ਼ਨ ।
ਪੌਣ ਵਜਦ ਵਿੱਚ ਗੀਤ ਸੁਣਾਵੇ ।

ਜਿਉਂ ਸ਼ਬਦਾਂ ਤੋਂ ਬਿਨ੍ਹਾਂ ਬਿਨ੍ਹਾਂ ਹੀ,
ਮੇਰੀ ਬਹੁਤ ਮਾਸੂਮ ਪੇਤਰੀ,
ਸਰਗਮ ਜਹੀ ਅਸੀਸ ਪਿਆਰੀ,
ਤਰਜ਼ਾਂ ਘੜਦੀ, ਆਪੇ ਗਾਉਂਦੀ ।

ਸੁਣਦੇ ਸੁਣਦੇ ਅਨਹਦ ਤੇ ਨਿਰਸ਼ਬਦ ਗੀਤ ਨੂੰ,
ਤਨ ਮਨ ਵਿੱਚ ਵਿਸਮਾਦ ਭਰ ਗਿਆ ।
ਮੇਰੀ ਮਾਂ ਦੀ ਸੱਜਰੀ ਟਾਹਣੀ,
ਉਸ ਦੀ ਇਸ ਪੜਪੋਤੀ ਦਾ ਨੂਰੀ ਝਲਕਾਰਾ,
ਮਾਰੂਥਲ ਆਬਾਦ ਕਰ ਗਿਆ।

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

FLN ਕਿੱਟ ਦੀ ਵਰਤੋਂ: ਪ੍ਰਾਇਮਰੀ ਸਿੱਖਿਆ ਨੂੰ ਬਣਾਉਂਦੀ ਹੈ ਸੌਖਾ ਅਤੇ ਰੋਚਕ

ਵਰਲਡ ਪੰਜਾਬੀ ਟਾਈਮਜ਼
ਸੁਮਨਦੀਪ ਕੌਰ

ਪ੍ਰਾਇਮਰੀ ਸਿੱਖਿਆ ਦੀ ਬੁਨਿਆਦ ਨੂੰ ਮਜ਼ਬੂਤ ਕਰਨ ਲਈ ਨਿਪੁੰਨ ਭਾਰਤ ਮਿਸ਼ਨ ਤਹਿਤ ਸ਼ੁਰੂ ਕੀਤੀ ਗਈ FLN (Foundation Literacy and Numeracy) ਕਿੱਟ ਅਜੇਕੇ ਸਮੇਂ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਇੱਕ ਵਰਦਾਨ ਸਾਬਤ ਹੋ ਰਹੀ ਹੈ, ਜਿਸ ਨੇ ਰਵਾਇਤੀ ਅਤੇ ਬੋਝਲ ਪੜ੍ਹਾਈ ਨੂੰ ਬੇਹੱਦ ਸੌਖਾ ਅਤੇ ਰੋਚਕ ਬਣਾ ਦਿੱਤਾ ਹੈ। ਇਸ ਕਿੱਟ ਵਿੱਚ ਸ਼ਾਮਲ ਰੰਗ-ਬਿਰੰਗੇ ਫਲੈਸ਼ ਕਾਰਡ, ਗਿਣਤੀ ਦੇ ਮਣਕੇ, ਬਲਾਕਸ ਅਤੇ ਖਿਡੌਣੇ ਬੱਚਿਆਂ ਨੂੰ ਰੱਟਾ ਪ੍ਰਣਾਲੀ ਤੋਂ ਦੂਰ ਕਰਕੇ ਖੇਡ-ਖੇਡ ਵਿੱਚ ਅੱਖਰਾਂ, ਸ਼ਬਦਾਂ ਅਤੇ ਗਣਿਤ ਦੇ ਮੁੱਢਲੇ ਸੰਕਲਪਾਂ ਨੂੰ ਆਸਾਨੀ ਨਾਲ ਸਮਝਾਉਂਦੇ ਹਨ। ਛੋਟੇ ਬੱਚੇ ਠੋਸ ਵਸਤੂਆਂ ਨੂੰ ਦੇਖ ਕੇ ਅਤੇ ਛੂਹ ਕੇ ਜਲਦੀ ਸਿੱਖਦੇ ਹਨ, ਇਸ ਲਈ ਇਹ ਸਮੱਗਰੀ ਉਨ੍ਹਾਂ ਦੇ ਮਨ ਵਿੱਚੋਂ ਗਣਿਤ ਅਤੇ ਪੜ੍ਹਾਈ ਦਾ ਡਰ ਪੂਰੀ ਤਰ੍ਹਾਂ ਖ਼ਤਮ ਕਰ ਦਿੰਦੀ ਹੈ। ਇਸ ਨਾਲ ਜਿੱਥੇ ਅਧਿਆਪਕਾਂ ਲਈ ਕਲਾਸਰੂਮ ਨੂੰ ਸਰਗਰਮ ਅਤੇ ਆਕਰਸ਼ਕ ਬਣਾਉਣਾ ਆਸਾਨ ਹੋ ਗਿਆ ਹੈ, ਉੱਥੇ ਹੀ ਵਿਦਿਆਰਥੀਆਂ ਵਿੱਚ ਵੀ ਪੜ੍ਹਾਈ ਪ੍ਰਤੀ ਦਿਲਚਸਪੀ ਅਤੇ ਸਿੱਖਣ ਦੀ ਸਮਰੱਥਾ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਅਸਲ ਵਿੱਚ, FLN ਕਿੱਟ ਬੱਚਿਆਂ ਨੂੰ ਖੁਸ਼ੀ-ਖੁਸ਼ੀ ਸਿੱਖਣ ਦਾ ਮੌਕਾ ਦੇ ਕੇ ਉਨ੍ਹਾਂ ਦੇ ਵਿਦਿਅਕ ਭਵਿੱਖ ਨੂੰ ਮਜ਼ਬੂਤ ਅਤੇ ਉੱਜਵਲ ਬਣਾ ਰਹੀ ਹੈ।

FOUNDATIONAL LITERACY AND NUMERACY